# ਸਿਹਤ ਸੰਭਾਲ ਲਈ ਸਹਿਮਤੀ ਅਤੇ ਪਬਲਿਕ ਗਾਰਡੀਅਨ ਐਂਡ ਟਰੱਸਟੀ ਦਾ ਰੋਲ

## ਬਾਲਗਾਂ, ਪਰਿਵਾਰਾਂ ਅਤੇ ਸਿਹਤ ਸੰਭਾਲ ਕਰਨ ਵਾਲਿਆਂ ਨੂੰ ਕਾਨੂੰਨ ਬਾਰੇ ਕੀ ਜਾਣਨ ਦੀ ਲੋੜ ਹੈ?

ਇਹ ਬਰੋਸ਼ਰ ***ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ*** – ਸਿਹਤ ਸੰਭਾਲ ਲਈ ਸਹਿਮਤੀ ਦੀਆਂ ਮੁੱਖ ਸ਼ਰਤਾਂ ਬਾਰੇ ਦੱਸਦਾ ਹੈ।

ਜੇ ਤੁਸੀਂ ਬਾਲਗ ਹੋ ਜਿਸ ਨੂੰ ਸਿਹਤ ਸੰਭਾਲ (ਇਲਾਜ) ਦੀ ਲੋੜ ਹੈ, ਜਾਂ ਡਾਕਟਰ (ਹੈਲਥ ਕੇਅਰ ਪ੍ਰੋਵਾਈਡਰ) ਹੋ ਤਾਂ ਬੀ ਸੀ ਦਾ *ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ* ਤੁਹਾਡੇ ’ਤੇ ਅਸਰ ਪਾਵੇਗਾ। ਐਕਟ ਇਲਾਜ ਕਰਨ ਤੋਂ ਪਹਿਲਾਂ ਸਿਹਤ ਸੰਭਾਲ ਕਰਨ ਵਾਲੇ (ਹੈਲਥ ਕੇਅਰ ਪ੍ਰੋਵਾਈਡਰ) ਲਈ, ਇਲਾਜ ਕਰਨ ਤੋਂ ਪਹਿਲਾਂ ਬਾਲਗ ਨੂੰ ਜਾਣਕਾਰੀ ਦੇ ਕੇ ਉਸ ਤੋਂ ਸਹਿਮਤੀ ਲੈਣ ਦੀ ਸ਼ਰਤ ਤਹਿ ਕਰਦਾ ਹੈ। ਇਹ ਕਾਨੂੰਨ ਰਸਮੀ ਤੌਰ ’ਤੇ ਪਰਿਵਾਰ ਅਤੇ ਦੋਸਤਾਂ ਦੇ ਰੋਲ ਨੂੰ ਵੀ ਮਾਨਤਾ ਦਿੰਦਾ ਹੈ ਜਿਹੜੇ ਕਿਸੇ ਬਾਲਗ ਲਈ ਉਦੋਂ ਸਿਹਤ ਸੰਭਾਲ ਦੇ ਫੈਸਲੇ ਕਰਨ ਦੇ ਸਮਰੱਥ ਅਤੇ ਖਾਹਸ਼ਮੰਦ ਹੁੰਦੇ ਹਨ ਜਦੋਂ ਬਾਲਗ ਹੁਣ ਫੈਸਲੇ ਕਰਨ ਦੇ ਸਮਰੱਥ ਨਹੀਂ ਹੁੰਦਾ।

**ਆਮ ਨਿਯਮ ਹੈ:**
ਬਾਲਗਾਂ ਦੀ ਸਿਹਤ ਸੰਭਾਲ ਸਿਰਫ ਉਨ੍ਹਾਂ ਦੀ ਸਹਿਮਤੀ ਨਾਲ ਹੀ ਕੀਤੀ ਜਾ ਸਕਦੀ ਹੈ।

ਜੇ ਕੋਈ ਬਾਲਗ ਬੇਹੋਸ਼ ਹੈ, ਦਿਮਾਗੀ ਤੌਰ ’ਤੇ ਅਸਮਰੱਥ ਹੈ, ਜਾਂ ਕਿਸੇ ਹੋਰ ਕਾਰਨ ਕਰਕੇ ਸਹਿਮਤੀ ਦੇਣ ਦੇ ਅਸਮਰੱਥ ਹੈ ਤਾਂ ਕਾਨੂੰਨ ਉਹ ਤਰੀਕੇ ਤਹਿ ਕਰਦਾ ਹੈ ਜਿਨ੍ਹਾਂ ਦੀ ਪਾਲਣਾ ਕੀਤੀ ਜਾਣੀ ਹੈ।

## ਕਿਸੇ ਬਾਲਗ ਦੀ ਸਹਿਮਤੀ ਲੈਣ ਦੀ ਕਦੋਂ ਲੋੜ ਨਹੀਂ ਹੈ?

ਆਮ ਨਿਯਮ ਵਿਚ ਮੁੱਖ ਛੋਟਾਂ ਹਨ:

- ਜਦੋਂ ਜ਼ਰੂਰੀ ਜਾਂ ਐਮਰਜੰਸੀ ਇਲਾਜ ਦੀ ਲੋੜ ਹੋਵੇ, ਬਾਲਗ ਸਹਿਮਤੀ ਦੇਣ ਦੇ ਅਸਮਰੱਥ ਹੋਵੇ, ਅਤੇ ਕਮੇਟੀ ਜਾਂ ਸਹਿਮਤੀ ਦੇਣ ਦਾ ਅਧਿਕਾਰ ਰੱਖਦਾ ਨੁਮਾਇੰਦਾ ਜਾਂ ਟੀ ਐੱਸ ਡੀ ਐੱਮ ਉਪਲਬਧ ਨਾ ਹੋਵੇ;
- ਜਦੋਂ *ਮੈਂਟਲ ਹੈਲਥ ਐਕਟ* ਅਧੀਨ ਮਰਜ਼ੀ ਦੇ ਖਿਲਾਫ ਸਾਇਕਐਟਰਿਕ ਇਲਾਜ ਦੀ ਲੋੜ ਹੋਵੇ; ਅਤੇ
- ਮੁਢਲੀ ਜਾਂਚ ਲਈ ਜਿਵੇਂ ਕਿ ਰੋਗ ਦੀ ਪਛਾਣ ਜਾਂ ਅਸੈੱਸਮੈਂਟ

ਐਕਟ ਵਲੋਂ ਕਵਰ ਕੀਤੇ ਜਾਂਦੇ ਹੈਲਥ ਕੇਅਰ ਪ੍ਰੋਵਾਈਡਰਜ਼ ਵਿਚ ਡਾਕਟਰ, ਦੰਦਾਂ ਦੇ ਡਾਕਟਰ, ਨਰਸ ਪ੍ਰੈਕਟੀਸ਼ਨਰ, ਨਰਸਾਂ, ਫਿਜ਼ਿਓਥੈਰੇਪਿਸਟ, ਸਾਇਕੋਲੋਜਿਸਟ, ਆਕੂਪੇਸ਼ਨਲ ਥੈਰੇਪਿਸਟ, ਨਜ਼ਰ ਟੈਸਟ ਕਰਨ ਵਾਲੇ ਡਾਕਟਰ, ਕੈਰੋਪਰੈਕਟਰ ਅਤੇ ਹੋਰ ਸ਼ਾਮਲ ਹਨ। ਪੂਰੀ ਲਿਸਟ ਦੇਖਣ ਲਈ ਹੈਲਥ ਕੇਅਰ ਕੌਨਸੈਂਟ ਰੈਗੂਲੇਸ਼ਨ ਦੇਖੋ।

## ਜੇ ਕੋਈ ਬਾਲਗ ਸਹਿਮਤੀ ਦੇਣ ਜਾਂ ਨਾਂਹ ਕਰਨ ਦੇ ਅਸਮਰੱਥ ਹੋਵੇ?

ਢੁਕਵੀਂ ਗੱਲਬਾਤ ਅਤੇ ਲੋੜੀਂਦੀ ਜਾਣਕਾਰੀ ਅਤੇ ਮਦਦ ਨਾਲ ਬਹੁਤੇ ਬਾਲਗ ਆਪਣੇ ਫੈਸਲੇ ਕਰ ਸਕਦੇ ਹਨ ਅਤੇ ਜਾਣਕਾਰੀ ਲੈ ਕੇ ਸਹਿਮਤੀ ਦੇ ਸਕਦੇ ਹਨ। ਬਾਲਗ ਕੋਲ ਪਹਿਲਾਂ ਫੈਸਲੇ ਲਈ ਪਹੁੰਚ ਕੀਤੀ ਜਾਣੀ ਜ਼ਰੂਰੀ ਹੈ। ਜੇ ਕੋਈ ਹੈਲਥ ਕੇਅਰ ਪ੍ਰੋਵਾਈਡਰ ਇਹ ਯਕੀਨ ਕਰਦਾ ਹੈ ਕਿ ਕੋਈ ਬਾਲਗ ਸਮਰੱਥ ਹੈ ਤਾਂ ਬਾਲਗ ਕੋਲ ਸਹਿਮਤੀ ਦੇਣ, ਦੇਣ ਤੋਂ ਨਾਂਹ ਕਰਨ ਜਾਂ ਸਹਿਮਤੀ ਰੱਦ ਕਰਨ ਦਾ ਹੱਕ ਹੈ।

ਇਹ ਫੈਸਲਾ ਕਰਨ ਵੇਲੇ ਕਿ ਕੀ ਕੋਈ ਬਾਲਗ ਸਿਹਤ ਸੰਭਾਲ ਦਾ ਫੈਸਲਾ ਕਰਨ ਦੇ ਅਸਮਰੱਥ ਹੈ ਜਾਂ ਨਹੀਂ, ਹੈਲਥ ਕੇਅਰ ਪ੍ਰੋਵਾਈਡਰ ਲਈ ਇਹ ਫੈਸਲਾ ਕਰਨਾ ਜ਼ਰੂਰੀ ਹੈ ਕਿ ਕੀ ਬਾਲਗ ਨੂੰ ਸਿਹਤ ਸੰਭਾਲ ਬਾਰੇ ਦਿੱਤੀ ਗਈ ਜਾਣਕਾਰੀ ਸਮਝ ਆਈ ਹੈ ਅਤੇ ਕੀ ਇਹ ਜਾਣਕਾਰੀ ਬਾਲਗ ਦੀ ਹਾਲਤ ’ਤੇ ਲਾਗੂ ਹੁੰਦੀ ਹੈ।

**ਜ਼ਰੂਰੀ ਨੋਟ:** ਪੀ ਜੀ ਟੀ ਇਹ ਜਾਣਕਾਰੀ, ਬਾਲਗਾਂ ਲਈ ਸਿਹਤ ਸੰਭਾਲ ਲਈ ਸਹਿਮਤੀ ਲੈਣ ਦੇ ਕਾਰਜ ਨੂੰ ਦੱਸਣ ਲਈ ਦੇ ਰਿਹਾ ਹੈ। ਇਹ ਕਾਨੂੰਨੀ ਸ਼ਰਤਾਂ ਬਾਰੇ ਦੱਸ ਸਕਦੀ ਹੈ ਪਰ ਇਹ ਕੋਈ ਕਾਨੂੰਨੀ ਸਲਾਹ ਨਹੀਂ ਹੈ। ਇਹ ਆਮ ਜਾਣਕਾਰੀ ਹੈ ਅਤੇ ਇਹ ਪੇਸ਼ਾਵਰ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ। ਜੇ ਤੁਹਾਨੂੰ ਸਿਹਤ ਸਹਿਮਤੀ ਨਾਲ ਸੰਬੰਧਿਤ ਕਾਨੂੰਨੀ ਸਲਾਹ ਦੀ ਲੋੜ ਹੋਵੇ ਤਾਂ ਕਿਸੇ ਵਕੀਲ ਜਾਂ ਕਮਿਉਨਟੀ ਲਾਅ ਆਫਿਸ ਨਾਲ ਸੰਪਰਕ ਕਰੋ।



PUBLIC GUARDIAN AND TRUSTEE OF BRITISH COLUMBIA

## ਕਿਸੇ ਉਸ ਬਾਲਗ ਲਈ ਸਿਹਤ ਸੰਭਾਲ ਦੇ ਫੈਸਲੇ ਕੌਣ ਕਰ ਸਕਦਾ ਹੈ ਜਿਹੜਾ ਆਪ ਫੈਸਲੇ ਕਰਨ ਦੇ ਅਸਮਰੱਥ ਹੋਵੇ?

**ਐਕਟ ਫੈਸਲੇ ਕਰਨ ਵਾਲਿਆਂ ਅਤੇ ਪੇਪਰਾਂ ਦੀ ਲਿਸਟ ਦਿੰਦਾ ਹੈ। ਤਰਤੀਬ ਵਿਚ ਉਹ ਹਨ:**

- **ਅਦਾਲਤ ਵਲੋਂ ਨਿਯੁਕਤ ਕਮੇਟੀ ਔਫ ਪਰਸਨ:** *ਪੇਸ਼ੈਂਟਸ ਪ੍ਰਾਪਰਟੀ ਐਕਟ* ਅਧੀਨ, ਅਦਾਲਤ ਨੇ ਕਿਸੇ ਅਜਿਹੇ ਬਾਲਗ ਲਈ ਕਮੇਟੀ ਨਿਯੁਕਤ ਕੀਤੀ ਹੋ ਸਕਦੀ ਹੈ ਜਿਹੜਾ ਸਿਹਤ ਸੰਭਾਲ ਦੇ ਫੈਸਲੇ ਕਰਨ ਦੇ ਅਸਮਰੱਥ ਹੈ।
- **ਕੋਈ ਨੁਮਾਇੰਦਾ:** ਕਿਸੇ ਬਾਲਗ ਨੇ, ਜਦੋਂ ਉਹ ਅਜਿਹਾ ਕਰਨ ਦੇ ਯੋਗ ਸੀ, ਨੁਮਾਇੰਦਗੀ ਦੇ ਐਗਰੀਮੈਂਟ ਵਿਚ ਕੋਈ ਨੁਮਾਇੰਦਾ ਬਣਾ ਕੇ ਆਪਣੇ ਭਵਿੱਖ ਲਈ ਪਲੈਨ ਕੀਤੀ ਹੋ ਸਕਦੀ ਹੈ ਜੋ ਕਿ ਉਸ ਵੇਲੇ ਬਾਲਗ ਦੇ ਸਿਹਤ ਸੰਭਾਲ ਦੇ ਫੈਸਲੇ ਕਰੇਗਾ ਜਦੋਂ ਬਾਲਗ ਆਪਣੇ ਫੈਸਲੇ ਆਪ ਕਰਨ ਦੇ ਅਸਮਰੱਥ ਹੋ ਜਾਂਦਾ ਹੈ। ਜੇ ਕਮੇਟੀ ਔਫ ਪਰਸਨ ਨਹੀਂ ਹੈ ਤਾਂ ਨੁਮਾਇੰਦਾ ਸਿਹਤ ਸੰਭਾਲ ਦੇ ਫੈਸਲੇ ਕਰਨ ਦੇ ਯੋਗ ਹੋ ਸਕਦਾ ਹੈ ਜੇ ਨੁਮਾਇੰਦਗੀ ਦਾ ਐਗਰੀਮੈਂਟ ਫੈਸਲੇ ਨੂੰ ਕਵਰ ਕਰਦਾ ਹੈ।
- **ਅਡਵਾਂਸ ਡਾਇਰੈਕਟਿਵ:** 1 ਸਤੰਬਰ, 2011 ਨੂੰ ਬੀ ਸੀ ਵਿਚ ਕਿਸੇ ਸਮਰੱਥ ਬਾਲਗ ਲਈ ਇਹ ਸੰਭਵ ਹੋਇਆ ਕਿ ਉਹ ਅਡਵਾਂਸ ਡਾਇਰੈਕਟਿਵ ਵਿਚ ਦੱਸੇ ਗਏ ਸਿਹਤ ਸੰਭਾਲ ਲਈ ਅਗਾਊਂ ਹਾਂ ਕਰ ਸਕੇ ਜਾਂ ਨਾਂਹ ਕਰ ਸਕੇ। ਅਡਵਾਂਸ ਡਾਇਰੈਕਟਿਵ ਬਣਾਉਣ ਲਈ ਨਿਯਮ ਬਹੁਤ ਖਾਸ ਹਨ। ਜੇ ਇਹ ਸਿਹਤ ਸੰਭਾਲ ਦੇ ਫੈਸਲੇ ਨੂੰ ਕਵਰ ਕਰਦਾ ਹੈ, ਅਤੇ ਕੋਈ ਕਮੇਟੀ ਜਾਂ ਨੁਮਾਇੰਦਾ ਨਿਯੁਕਤ ਨਹੀਂ ਕੀਤਾ ਗਿਆ ਹੈ ਤਾਂ ਹੈਲਥ ਕੇਅਰ ਪ੍ਰੋਵਾਈਡਰ ਡਾਕੂਮੈਂਟ ਵਿਚ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰ ਸਕਦਾ ਹੈ। ਅਡਵਾਂਸ ਡਾਇਰੈਕਟਿਵ ਦੀ ਪਾਲਣਾ ਤਾਂ ਵੀ ਕੀਤੀ ਜਾ ਸਕਦੀ ਹੈ ਜੇ ਬਾਲਗ ਕੋਲ ਨੁਮਾਇੰਦਗੀ ਦਾ ਐਗਰੀਮੈਂਟ ਹੈ ਅਤੇ ਇਹ ਕਹਿੰਦਾ ਹੈ ਕਿ ਅਡਵਾਂਸ ਡਾਇਰੈਕਟਿਵ ਵਿਚ ਦਿੱਤੀ ਗਈ ਹਿਦਾਇਤ ’ਤੇ ਕਾਰਵਾਈ ਨੁਮਾਇੰਦੇ ਦੀ ਸਹਿਮਤੀ ਤੋਂ ਬਿਨਾਂ ਕੀਤੀ ਜਾ ਸਕਦੀ ਹੈ। ਅਡਵਾਂਸ ਡਾਇਰੈਕਟਿਵਜ਼ ਬਾਰੇ ਜ਼ਿਆਦਾ ਜਾਣਕਾਰੀ ਲਈ, www.health.gov.bc.ca/ hcc/endoflife.html ’ਤੇ ਮਨਿਸਟਰੀ ਔਫ ਹੈਲਥ ਦਾ ਵੈੱਬਸਾਈਟ ਦੇਖੋ।
- **ਆਰਜ਼ੀ ਤੌਰ ’ਤੇ ਬਦਲਵੇਂ ਫੈਸਲੇ ਕਰਨ ਵਾਲਾ (ਟੀ ਐੱਸ ਡੀ ਐੱਮ):** ਜੇ ਕੋਈ ਨੁਮਾਇੰਦਾ ਜਾਂ ਕਮੇਟੀ ਔਫ ਪਰਸਨ ਨਾ ਹੋਵੇ ਅਤੇ ਕੋਈ ਯੋਗ ਅਡਵਾਂਸ ਡਾਇਰੈਕਟਿਵ ਨਾ ਹੋਵੇ ਤਾਂ ਹੈਲਥ ਕੇਅਰ ਪ੍ਰੋਵਾਈਡਰ ਲਈ ਅੱਗੇ ਦਿੱਤੀ ਲਿਸਟ ਵਿੱਚੋਂ ਤਰਤੀਬ ਮੁਤਾਬਕ ਚੋਣ ਕਰਨੀ ਪਵੇਗੀ:
    - ਬਾਲਗ ਦੀ ਪਤਨੀ/ਪਤੀ;
    - ਬੱਚਾ;
    - ਮਾਪਾ;
    - ਭੈਣ-ਭਰਾ;
    - ਗਰੈਂਡਪੇਰੈਂਟ;
    - ਗਰੈਂਡਚਾਇਲਡ;
    - ਜਨਮ ਜਾਂ ਗੋਦ ਲੈਣ ਕਰਕੇ ਬਾਲਗ ਨਾਲ ਸੰਬੰਧਿਤ ਕੋਈ ਵਿਅਕਤੀ;
    - ਕਰੀਬੀ ਦੋਸਤ;
    - ਕੋਈ ਵਿਅਕਤੀ ਜਿਹੜਾ ਵਿਆਹ ਕਰਕੇ ਬਾਲਗ ਦਾ ਨੇੜਲਾ ਰਿਸ਼ਤੇਦਾਰ ਹੈ।

**ਚੁਣੇ ਗਏ ਵਿਅਕਤੀ ਲਈ ਖਾਸ ਕਸੌਟੀ ਪੂਰੀ ਕਰਨਾ ਜ਼ਰੂਰੀ ਹੈ। ਇਸ ਵਿਚ ਇਹ ਜ਼ਰੂਰੀ ਹੈ ਕਿ ਵਿਅਕਤੀ:**

- ਘੱਟੋ ਘੱਟ 19 ਸਾਲ ਦੀ ਉਮਰ ਦਾ ਹੋਵੇ;
- ਪਿਛਲੇ 12 ਮਹੀਨਿਆਂ ਤੋਂ ਬਾਲਗ ਦੇ ਸੰਪਰਕ ਵਿਚ ਹੈ;
- ਉਸ ਵਿਅਕਤੀ ਦਾ ਬਾਲਗ ਨਾਲ ਕੋਈ ਝਗੜਾ ਨਹੀਂ ਹੈ;
- ਫੈਸਲਾ ਕਰਨ ਦੇ ਸਮਰੱਥ ਹੈ; ਅਤੇ
- ਟੀ ਐੱਸ ਡੀ ਐੱਮ ਦੇ ਫਰਜ਼ ਪੂਰੇ ਕਰਨ ਦਾ ਖਾਹਸ਼ਮੰਦ ਹੈ।

## ਜੇ ਫੈਸਲੇ ਕਰਨ ਲਈ ਕੋਈ ਨਾ ਹੋਵੇ ਜਾਂ ਬਰਾਬਰ ਦੇ ਦਰਜੇ ਦੇ ਫੈਸਲੇ ਕਰਨ ਵਾਲਿਆਂ ਵਿਚਕਾਰ ਮਤਭੇਦ ਹੋਣ ਤਾਂ ਕੀ ਹੋਵੇਗਾ?

ਜਦੋਂ ਬਦਲਵੇਂ ਫੈਸਲੇ ਕਰਨ ਵਾਲਿਆਂ ਦੀ ਲਿਸਟ ਵਿੱਚੋਂ ਕੋਈ ਉਪਲਬਧ ਨਾ ਹੋਵੇ ਜਾਂ ਯੋਗਤਾ ਪ੍ਰਾਪਤ ਨਾ ਹੋਵੇ, ਜਾਂ ਦੋ ਬਰਾਬਰ ਦੇ ਦਰਜੇ ਵਾਲੇ ਬਦਲਾਂ ਵਿਚਕਾਰ ਇਸ ਚੀਜ਼ ਬਾਰੇ ਮਤਭੇਦ ਹੋਣ ਕਿ ਕਿਸ ਨੂੰ ਚੁਣਿਆ ਜਾਣਾ ਚਾਹੀਦਾ ਹੈ ਅਤੇ ਇਸ ਦਾ ਹੱਲ ਹੈਲਥ ਕੇਅਰ ਪ੍ਰੋਵਾਈਡਰ ਵਲੋਂ ਨਾ ਕੀਤਾ ਜਾ ਸਕਦਾ ਹੋਵੇ ਤਾਂ ਹੈਲਥ ਕੇਅਰ ਪ੍ਰੋਵਾਈਡਰ ਲਈ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਨਾਲ ਸੰਪਰਕ ਕਰਨਾ ਜ਼ਰੂਰੀ ਹੈ।

## ਪੀ ਜੀ ਟੀ ਦਾ ਕੀ ਰੋਲ ਹੈ?

ਸਿਹਤ ਸੰਭਾਲ ਲਈ ਸਹਿਮਤੀ ਵਿਚ ਪੀ ਜੀ ਟੀ ਦੇ ਦੋ ਰੋਲ ਹਨ:

- ਕਿਸੇ ਯੋਗ ਅਤੇ ਖਾਹਸ਼ਮੰਦ ਵਿਅਕਤੀ ਨੂੰ ਟੀ ਐੱਸ ਡੀ ਐੱਮ ਵਜੋਂ ਸਿਹਤ ਸੰਭਾਲ ਦੇ ਫੈਸਲੇ ਕਰਨ ਦਾ ਅਧਿਕਾਰ ਦੇਣਾ; ਜਾਂ
- ਟੀ ਐੱਸ ਡੀ ਐੱਮ ਵਜੋਂ ਕੰਮ ਕਰਨਾ ਅਤੇ ਸਿਹਤ ਸੰਭਾਲ ਦਾ ਫੈਸਲਾ ਕਰਨ ਜੇ ਕੋਈ ਢੁਕਵਾਂ ਵਿਅਕਤੀ ਉਪਲਬਧ ਨਹੀਂ ਹੈ ਅਤੇ ਸਿਹਤ ਸੰਭਾਲ ਦਾ ਫੈਸਲਾ ਕਰਨ ਦਾ ਖਾਹਸ਼ਮੰਦ ਨਹੀਂ ਹੈ।

ਇਸ ਚੀਜ਼ ਬਾਰੇ ਜ਼ਿਆਦਾ ਜਾਣਕਾਰੀ ਲਈ ਕਿ ਪੀ ਜੀ ਟੀ ਕਿਵੇਂ ਟੀ ਐੱਸ ਡੀ ਐੱਮ ਨੂੰ ਅਧਿਕਾਰ ਦਿੰਦਾ ਹੈ, ਅਤੇ ਟੀ ਐੱਸ ਡੀ ਐੱਮ ਦੀਆਂ ਜ਼ਿੰਮੇਵਾਰੀਆਂ ਕੀ ਹਨ, ਸਾਡਾ ਬਰੋਸ਼ਰ *"ਇਨਫਰਮੇਸ਼ਨ ਫਾਰ ਟੈਂਪਰੇਰੀ ਸਬਸਟੀਚਿਊਟ ਡਸੀਜ਼ਨ ਮੇਕਰਜ਼ ਔਥੋਰਾਈਜ਼ਡ ਬਾਏ ਦਾ ਪੀ ਜੀ ਟੀ"* ਦੇਖੋ।

## ਜੇ ਪੀ ਜੀ ਟੀ ਟੀ ਐੱਸ ਡੀ ਐੱਮ ਵਜੋਂ ਕੰਮ ਕਰਦਾ ਹੈ ਤਾਂ ਪੀ ਜੀ ਟੀ ਦੇ ਫੈਸਲੇ ਬਾਰੇ ਕਿਵੇਂ ਦੱਸਿਆ ਜਾਵੇਗਾ?

ਜਦੋਂ ਪੀ ਜੀ ਟੀ ਕਿਸੇ ਬਾਲਗ ਦੀ ਤਰਫੋਂ ਸਿਹਤ ਸੰਭਾਲ ਦਾ ਫੈਸਲਾ ਕਰਦਾ ਹੈ ਤਾਂ ਪੀ ਜੀ ਟੀ ਦਾ ਸਟਾਫ ਮੂੰਹ-ਜ਼ਬਾਨੀ ਹੈਲਥ ਕੇਅਰ ਪ੍ਰੋਵਾਈਡਰ ਨੂੰ ਦੱਸੇਗਾ ਅਤੇ ਫਿਰ ਲਿਖਤੀ ਰੂਪ ਵਿਚ ਫੈਸਲੇ ਦੀ ਤਸਦੀਕ ਕਰੇਗਾ। ਬਾਲਗ ਨੂੰ ਵੀ ਫੈਸਲੇ ਬਾਰੇ ਦੱਸਿਆ ਜਾਂਦਾ ਹੈ।

## ਫੈਸਲਾ ਲੈਣ ਨੂੰ ਕਿੰਨਾ ਸਮਾਂ ਲੱਗੇਗਾ?

ਪੀ ਜੀ ਟੀ ਵਲੋਂ ਸਿਹਤ ਸੰਭਾਲ ਦੇ ਫੈਸਲਿਆਂ ਲਈ ਸਰਵਿਸ ਦਾ ਮਿਆਰ ਇਹ ਹੈ ਕਿ ਹਲਕੀ ਸਿਹਤ ਸੰਭਾਲ ਦੇ ਫੈਸਲੇ, ਫੈਸਲਾ ਕਰਨ ਲਈ ਲੋੜੀਂਦੀ ਸਾਰੀ ਜਾਣਕਾਰੀ ਮਿਲਣ ਤੋਂ ਬਾਅਦ ਇਕ ਦਿਨ ਦੇ ਵਿਚ ਵਿਚ ਕੀਤੇ ਜਾਣਗੇ। ਸਿਹਤ ਸੰਭਾਲ ਦੇ ਵੱਡੇ ਫੈਸਲੇ, ਹੈਲਥ ਕੇਅਰ ਪ੍ਰੋਵਾਈਡਰ ਤੋਂ ਸਾਰੀ ਜਾਣਕਾਰੀ ਮਿਲਣ ਤੋਂ ਬਾਅਦ ਤਿੰਨ ਦਿਨਾਂ ਦੇ ਵਿਚ ਵਿਚ ਕੀਤੇ ਜਾਣਗੇ ਅਤੇ ਬਾਲਗ ਦੀ ਸਿਹਤ ਸੰਭਾਲ ਦੀ ਜਟਿਲਤਾ ਅਤੇ ਕਾਹਲੀ ਨੂੰ ਧਿਆਨ ਵਿਚ ਰੱਖਿਆ ਜਾਵੇਗਾ।

## ਜੇ ਕੋਈ ਬਦਲਵਾਂ ਫੈਸਲਾ ਕਰਨ ਵਾਲੇ ਨਾਲ ਅਸਹਿਮਤ ਹੋਵੇ ਤਾਂ ਕੀ ਹੋਵੇਗਾ?

ਜੇ ਕੋਈ ਅਜਿਹਾ ਮਤਭੇਦ ਹੋਵੇ ਜਿਸ ਦਾ ਹੱਲ ਨਾ ਕੀਤਾ ਜਾ ਸਕਦਾ ਹੋਵੇ ਤਾਂ ਤੁਸੀਂ ਕਾਨੂੰਨੀ ਸਲਾਹ ਲੈ ਸਕਦੇ ਹੋ।

*ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ* ਅਧੀਨ ਖਾਸ ਲੋਕਾਂ ਨੂੰ ਬਾਲਗ ਲਈ ਹੋਰ ਫੈਸਲੇ ਕਰਨ ਦਾ ਕਾਨੂੰਨੀ ਅਧਿਕਾਰ ਹੈ ਅਤੇ ਉਹ ਹੁਣ ਬਦਲਵੇਂ ਫੈਸਲੇ ਕਰਨ ਵਾਲੇ ਦੇ ਫੈਸਲੇ ਨੂੰ ਉਲਟਣ ਜਾਂ ਬਦਲਣ ਲਈ ਅਦਾਲਤ ਕੋਲ ਅਪਲਾਈ ਕਰਨ ਦੇ ਯੋਗ ਹਨ। ਉਹ ਲੋਕ ਹਨ:

- ਬਾਲਗ;
- ਹੈਲਥ ਕੇਅਰ ਪ੍ਰੋਵਾਈਡਰ;
- ਕਮੇਟੀ ਔਫ ਪਰਸਨ;
- ਨੁਮਾਇੰਦਾ;
- ਟੀ ਐੱਸ ਡੀ ਐੱਮ।

ਜੇ ਤੁਹਾਡੇ ਇਹ ਫਿਕਰ ਹੋਣ ਕਿ ਕਮੇਟੀ ਔਫ ਪਰਸਨ, ਜਾਂ ਨੁਮਾਇੰਦਾ (ਜਾਂ ਪੀ ਜੀ ਟੀ ਵਲੋਂ ਅਧਿਕਾਰਤ ਟੀ ਐੱਸ ਡੀ ਐੱਮ) ਆਪਣੇ ਫਰਜ਼ ਪੂਰੇ ਨਹੀਂ ਕਰ ਰਿਹਾ ਤਾਂ ਇਸ ਦੀ ਰਿਪੋਰਟ ਪੀ ਜੀ ਟੀ ਨੂੰ ਕੀਤੀ ਜਾ ਸਕਦੀ ਹੈ। ਇਕ ਰੀਜਨਲ ਕਨਸਲਟੈਂਟ ਇਹ ਪੜਤਾਲ ਕਰੇਗਾ ਕਿ ਕੀ ਸਿਹਤ ਸੰਭਾਲ ਦੇ ਕੀਤੇ ਜਾ ਰਹੇ ਫੈਸਲੇ ਬਾਲਗ ਦੀ ਸਿਹਤ ਅਤੇ ਸੇਫਟੀ 'ਤੇ ਨਾਂਹਪੱਖੀ ਅਸਰ ਪਾਉਣਗੇ। ਪਰ, ਪੀ ਜੀ ਟੀ ਆਪਣੇ ਫੈਸਲਿਆਂ ਦਾ ਬਦਲ ਨਹੀਂ ਦੇ ਸਕਦਾ।

## ਕੀ ਇਲਾਜਾਂ 'ਤੇ ਕੋਈ ਬੰਦਸ਼ਾਂ ਹਨ?

*ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ* ਕੁਝ ਫੈਸਲਿਆਂ 'ਤੇ ਲਾਗੂ ਨਹੀਂ ਹੁੰਦਾ ਜਿਵੇਂ ਕਿ *ਮੈਂਟਲ ਹੈਲਥ ਐਕਟ* ਅਧੀਨ ਨਾ-ਇੱਛਕ ਮਰੀਜ਼ਾਂ ਦੇ ਸਾਇਕਐਟਰਿਕ ਇਲਾਜ, ਨੌਨ ਥੈਰਾਪਿਊਟਿਕ ਸਟਰਲਾਈਜ਼ੇਸ਼ਨ ਅਤੇ ਕਾਨੂੰਨ ਵਿਚ ਦਰਜ ਕੁਝ ਛੂਤ ਦੀਆਂ ਬੀਮਾਰੀਆਂ ਨਾਲ ਸੰਬੰਧਿਤ ਫੈਸਲੇ।

ਇਸ ਦੇ ਇਲਾਵਾ, ਕਮੇਟੀ ਔਫ ਪਰਸਨ, ਨੁਮਾਇੰਦਾ ਜਾਂ ਟੀ ਐੱਸ ਡੀ ਐੱਮ ਆਪਣੇ ਵਲੋਂ ਸੀਮਤ ਫੈਸਲੇ ਕਰ ਸਕਦੇ ਹਨ ਜੋ ਕਿ ਢੁਕਵੇਂ ਕਾਨੂੰਨ, ਅਦਾਲਤ ਦੇ ਆਰਡਰ ਜਾਂ ਅਧਿਕਾਰ ਦੇਣ ਵਾਲੇ ਪੇਪਰ ਅਧੀਨ ਉਨ੍ਹਾਂ ਦੇ ਅਧਿਕਾਰ ਦੇ ਘੇਰੇ 'ਤੇ ਨਿਰਭਰ ਕਰਦਾ ਹੈ।

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ

## ਅਸੈੱਸਮੈਂਟ ਅਤੇ ਪੜਤਾਲ ਦੀਆਂ ਸੇਵਾਵਾਂ (ਏ ਆਈ ਐੱਸ)

ਦੂਰੋਂ ਮੁਫਤ 1.877.511.4111
ਲੋਕਲ 604.660.4507
ਦੂਰੋਂ ਮੁਫਤ 1.855.660.9479
ਲੋਕਲ 604.660.9479
@ ਈਮੇਲ AIS-HCD@trustee.bc.ca

## ਸਿਹਤ ਸੰਭਾਲ ਦੇ ਫੈਸਲੇ (ਐੱਚ ਸੀ ਡੀ)

ਦੂਰੋਂ ਮੁਫਤ 1877.511.4111
ਲੋਕਲ 604.660.4507
ਦੂਰੋਂ ਮੁਫਤ 1.855.660.9479
ਲੋਕਲ 604.660.9479
@ ਈਮੇਲ AIS-HCD@trustee.bc.ca

## ਗਰੇਟਰ ਵੈਨਕੂਵਰ ਰੀਜਨਲ ਆਫਿਸ

700–808 West Hastings Street
Vancouver, BC V6C 3L3

ਫੋਨ 604.775.1001
ਫੈਕਸ 604.660.9498
@ ਈਮੇਲ STA@trustee.bc.ca

## ਇਨਟੀਰੀਅਰ – ਨੌਰਥ ਰੀਜਨਲ ਆਫਿਸ

1345 St. Paul Street
Kelowna, BC V1Y 2E2

ਫੋਨ 250.712.7576
ਫੈਕਸ 250.712.7578
@ ਈਮੇਲ STA@trustee.bc.ca

## ਵੈਨਕੂਵਰ ਆਈਲੈਂਡ ਰੀਜਨਲ ਆਫਿਸ

1215 Broad Street
Victoria, BC V8W 2A4

ਫੋਨ 250.356.8160
ਫੈਕਸ 250.356.7442
@ ਈਮੇਲ STA@trustee.bc.ca

**ਪੀ ਜੀ ਟੀ ਦੇ ਦਫਤਰ ਦੇ ਸਮੇਂ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਤੋਂ ਬਾਅਦ ਦੁਪਹਿਰ 4:30 ਵਜੇ ਤੱਕ**

## ਦੂਰੋਂ ਮੁਫਤ ਕਾਲਿੰਗ

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ।
ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ)
**ਪਬਲਿਕ ਗਾਰਡੀਅਨ ਐਂਡ ਟਰੱਸਟੀ** ਵੱਲ ਬਦਲੇ ਜਾਣ ਲਈ ਬੇਨਤੀ ਕਰੋ।

ਵੈਨਕੂਵਰ 604.660.2421
ਵਿਕਟੋਰੀਆ 250.387.6121
ਬੀ ਸੀ ਵਿਚ ਹੋਰ ਇਲਾਕੇ 1.800.663.7867
@ ਈਮੇਲ webmail@trustee.bc.ca

www.trustee.bc.ca



12-14#38
[Punjabi]

Public Guardian and Trustee of British Columbia

December 2014